BC CANCER
Provincial Health Services Authority

ਬੀ ਸੀ ਕੈਂਸਰ
ਸੂਬਾਈ ਸਿਹਤ ਸੇਵਾਵਾਂ ਅਥਾਰਟੀ

# ਐਡਵਾਂਸ ਕੇਅਰ ਪਲੈਨਿੰਗ

**ਐਡਵਾਂਸ ਕੇਅਰ ਪਲੈਨਿੰਗ** ਇੱਕ ਪ੍ਰਕਿਰਿਆ ਹੈ:

- ਆਪਣੀ ਭਵਿੱਖੀ ਸਿਹਤ ਅਤੇ ਨਿੱਜੀ ਦੇਖਭਾਲ ਲਈ ਆਪਣੀਆਂ ਕਦਰਾਂ-ਕੀਮਤਾਂ, ਵਿਸ਼ਵਾਸਾਂ ਅਤੇ ਇੱਛਾਵਾਂ ਬਾਰੇ ਸੋਚਣਾ ਅਤੇ ਰਿਕਾਰਡ ਕਰਨਾ
- ਉਹਨਾਂ ਲੋਕਾਂ ਨਾਲ ਜਿਨ੍ਹਾਂ 'ਤੇ ਤੁਸੀਂ ਭਰੋਸਾ ਕਰਦੇ ਹੋ ਅਤੇ ਆਪਣੀ ਸਿਹਤ ਸੰਭਾਲ ਟੀਮ ਨਾਲ ਇਹਨਾਂ ਇੱਛਾਵਾਂ ਨੂੰ ਸਾਂਝਾ ਕਰਨਾ

ਬੀ ਸੀ ਕੈਂਸਰ ਵਿਖੇ, ਅਸੀਂ ਆਪਣੇ ਸਾਰੇ ਮਰੀਜ਼ਾਂ ਨਾਲ ਐਡਵਾਂਸ ਕੇਅਰ ਪਲੈਨਿੰਗ ਬਾਰੇ ਗੱਲ ਕਰਦੇ ਹਾਂ, ਇਹ ਯਕੀਨੀ ਬਣਾਉਣ ਲਈ ਕਿ ਅਸੀਂ ਹਰੇਕ ਮਰੀਜ਼ ਨੂੰ ਸਭ ਤੋਂ ਵਧੀਆ ਸੰਭਵ ਦੇਖਭਾਲ ਦੇ ਰਹੇ ਹਾਂ।

## ਆਪਣੀ ਸਿਹਤ ਸੰਭਾਲ ਟੀਮ ਨਾਲ ਐਡਵਾਂਸ ਕੇਅਰ ਪਲੈਨਿੰਗ (ACP) ਬਾਰੇ ਗੱਲ ਕਰਨ ਦੇ 4 ਕਾਰਨ

1 ACP ਤੁਹਾਡੇ ਲਈ ਸਭ ਤੋਂ ਮਹੱਤਵਪੂਰਨ ਚੀਜ਼ਾਂ ‘ਤੇ ਧਿਆਨ ਕੇਂਦਰਿਤ ਕਰਕੇ ਦੇਖਭਾਲ ਦੇ ਤੁਹਾਡੇ ਅਨੁਭਵ ਨੂੰ ਬਿਹਤਰ ਬਣਾਉਂਦਾ ਹੈ।

2 ACP ਤੁਹਾਡੀ ਸਿਹਤ ਬਾਰੇ ਸੂਚਿਤ ਫੈਸਲੇ ਲੈਣ ਵਿੱਚ ਤੁਹਾਡੀ ਮਦਦ ਕਰਦਾ ਹੈ।

3 ACP ਕਿਸੇ ਸੰਕਟਕਾਲੀਨ ਜਾਂ ਅਚਾਨਕ ਘਟੀ ਘਟਨਾ ਦੇ ਦੌਰਾਨ ਤੁਹਾਡੇ ਅਜ਼ੀਜ਼ਾਂ ਦੀ ਮਦਦ ਕਰਦਾ ਹੈ, ਇਹ ਯਕੀਨੀ ਬਣਾ ਕੇ ਕਿ ਉਹਨਾਂ ਨੂੰ ਤੁਹਾਡੀਆਂ ਇੱਛਾਵਾਂ ਪਤਾ ਹੋਣ।

4 ACP ਤੁਹਾਡੇ ਲਈ ਸਹੀ ਦੇਖਭਾਲ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ, ਭਾਵੇਂ ਤੁਸੀਂ ਆਪਣੇ ਲਈ ਬੋਲਣ ਵਿੱਚ ਅਸਮਰੱਥ ਹੋਵੋ।

BC CANCER
Provincial Health Services Authority

# ਐਡਵਾਂਸ ਕੇਅਰ ਪਲੈਨਿੰਗ ਜੀਵਨ ਯੋਜਨਾ ਦਾ ਇੱਕ ਹਿੱਸਾ ਹੈ।

ਹੋ ਸਕਦਾ ਹੈ ਕਿ ਤੁਸੀਂ ਪਹਿਲਾਂ ਹੀ ਕੁਝ ਹੋਰ ਕਿਸਮ ਦੀਆਂ ਜੀਵਨ ਯੋਜਨਾਵਾਂ ਕਰ ਲਈਆਂ ਹੋਣ, ਜਿਵੇਂ ਕਿ ਵਸੀਅਤ ਲਿਖਣਾ, ਰਿਟਾਇਰਮੈਂਟ ਲਈ ਬੱਚਤ ਕਰਨਾ ਜਾਂ ਆਪਣੇ ਬੱਚੇ ਲਈ ਸਰਪ੍ਰਸਤ ਨਿਯੁਕਤ ਕਰਨਾ।

ਐਡਵਾਂਸ ਕੇਅਰ ਪਲੈਨਿੰਗ ਜੀਵਨ ਯੋਜਨਾ ਦੀ ਇੱਕ ਹੋਰ ਕਿਸਮ ਹੈ। ਇਹ ਤੁਹਾਡੀ ਭਵਿੱਖੀ ਸਿਹਤ ਅਤੇ ਨਿੱਜੀ ਦੇਖਭਾਲ ਲਈ ਅੱਗੇ ਦੀ ਯੋਜਨਾ ਹੈ।

**ਜਾਇਦਾਦ**

- ਵਸੀਅਤ ਲਿਖਣਾ
- ਇੱਕ ਟਰੱਸਟ ਬਣਾਉਣਾ

**ਵਿੱਤੀ**

- ਸਿੱਖਿਆ ਜਾਂ ਰਿਟਾਇਰਮੈਂਟ ਲਈ ਬੱਚਤ
- ਇੱਕ ਸਥਾਈ ਪਾਵਰ ਆਫ਼ ਅਟਾਰਨੀ ਨਿਯੁਕਤ ਕਰਨਾ

**ਸਿਹਤ ਅਤੇ ਨਿੱਜੀ ਦੇਖਭਾਲ**

**ਐਡਵਾਂਸ ਕੇਅਰ ਪਲੈਨਿੰਗ**

- ਆਪਣੀਆਂ ਇੱਛਾਵਾਂ ਨੂੰ ਪ੍ਰਗਟ ਕਰਨਾ
- ਬਦਲਵੇਂ ਫੈਸਲੇ ਲੈਣ ਵਾਲੇ ਨੂੰ ਨਿਯੁਕਤ ਕਰਨਾ

**ਐਡਵਾਂਸ ਕੇਅਰ ਪਲੈਨਿੰਗ ਬਾਰੇ ਹੋਰ ਜਾਣਕਾਰੀ ਲਈ ਬੀ ਸੀ ਕੈਂਸਰ ਦੀ ਵੈੱਬਸਾਈਟ:** www.bccancer.bc.ca/health-info/coping-with-cancer/advance-care-planning ‘ਤੇ ਜਾਓ ਜਾਂ ਆਪਣੀ ਨਰਸ ਤੋਂ My Voice Booklet (ਮਾਈ ਵੌਇਸ ਬੁੱਕਲੇਟ) ਦੀ ਕਾਪੀ ਮੰਗੋ।

ਮਾਈ ਵੌਇਸ ਬੁੱਕਲੇਟ

ਸੰਸਕਰਣ 2024.06